ਨਿਊਜ਼ ਰਿਲੀਜ਼

# ਬਿਜਲੀ ਨੂੰ ਹੋਰ ਕਿਫ਼ਾਇਤੀ ਬਣਾਉਣਾ

18 ਅਪ੍ਰੈਲ, 2024 ਮੀਡੀਆ ਵੱਲੋਂ ਪੁੱਛ-ਗਿਛ

## ਅਲਬਰਟਾ ਦੀ ਸਰਕਾਰ ਅਲਬਰਟਾ ਵਾਸੀਆਂ ਨੂੰ ਕੀਮਤਾਂ ਦੇ ਵਾਧੇ ਤੋਂ ਬਚਾ ਕੇ ਅਤੇ ਉਹਨਾਂ ਨੂੰ ਉਹਨਾਂ ਦੇ ਵਿਕਲਪਾਂ ਬਾਰੇ ਵਧੇਰੇ ਜਾਣਕਾਰੀ ਦੇਣ ਵਿੱਚ ਮਦਦ ਕਰਕੇ ਬਿਜਲੀ ਨੂੰ ਹੋਰ ਕਿਫ਼ਾਇਤੀ ਬਣਾ ਰਹੀ ਹੈ।

ਡਿਫਾਲਟ ਬਿਜਲੀ ਦਰਾਂ ਦੀਆਂ ਕੀਮਤਾਂ ਵਿੱਚ ਅਚਾਨਕ ਵਾਧੇ ਤੋਂ ਅਲਬਰਟਾ ਵਾਸੀਆਂ ਨੂੰ ਬਚਾਉਣ ਲਈ, ਅਲਬਰਟਾ ਦੀ ਸਰਕਾਰ ਇਸ ਬਸੰਤ ਰੁੱਤ ਵਿੱਚ ਕਾਨੂੰਨ ਅਤੇ ਨਵੇਂ ਨਿਯਮਾਂ ਨੂੰ ਪੇਸ਼ ਕਰਨ ਦਾ ਇਰਾਦਾ ਰੱਖਦੀ ਹੈ ਤਾਂ ਜੋ ਬਿਜਲੀ ਦੀ ਮਾਰਕੀਟ ਵਿੱਚ ਅਸਥਿਰਤਾ ਨੂੰ ਘਟਾ ਕੇ ਅਤੇ ਵਧਦੀ ਮੁਕਾਬਲੇਬਾਜ਼ੀ ਨੂੰ ਘਟਾ ਕੇ ਬਿਜਲੀ ਨੂੰ ਹੋਰ ਕਿਫ਼ਾਇਤੀ ਬਣਾਇਆ ਜਾ ਸਕੇ। ਹਰੇਕ ਪ੍ਰਦਾਤਾ ਲਈ ਹਰ ਦੋ ਸਾਲਾਂ ਵਿੱਚ ਡਿਫਾਲਟ ਬਿਜਲੀ ਦਰਾਂ ਨਿਰਧਾਰਤ ਕਰਕੇ ਸਥਿਰ ਕੀਤੀਆਂ ਜਾਣਗੀਆਂ। ਇਹ ਉਨ੍ਹਾਂ ਅਲਬਰਟਾ ਵਾਸੀਆਂ, ਜੋ ਪ੍ਰਤੀਯੋਗੀ ਇਕਰਾਰਨਾਮੇ 'ਤੇ ਦਸਤਖਤ ਕਰਨ ਵਿੱਚ ਅਸਮਰੱਥ ਹਨ, ਲਈ ਕੀਮਤਾਂ ਵਿੱਚ ਮਹੱਤਵਪੂਰਨ ਵਾਧਾ ਘਟਾਏਗਾ, ਇਨ੍ਹਾਂ ਵਿੱਚ ਪੇਂਡੂ ਅਲਬਰਟਾ ਵਾਸੀ ਵੀ ਸ਼ਾਮਲ ਹਨ ਜਿਨ੍ਹਾਂ ਕੋਲ ਹੋਰ ਵਿਕਲਪ ਉਪਲਬਧ ਨਹੀਂ ਹੋ ਸਕਦੇ ਹਨ, ਅਤੇ ਜਿਨ੍ਹਾਂ ਕੋਲ ਮਾੜਾ ਕਰੈਡਿਟ ਜਾਂ ਹੋਰ ਵਿੱਤੀ ਮੁਸ਼ਕਲਾਂ ਹਨ ਜਿਵੇਂ ਕਿ ਬਜ਼ੁਰਗਾਂ ਅਤੇ ਹੋਰ ਕਮਜ਼ੋਰ ਲੋਕ।

"ਅਲਬਰਟਾ ਵਾਸੀਆਂ ਦੇ ਮਨ ਵਿੱਚ ਹਰ ਮਹੀਨੇ ਆਪਣਾ ਬਿੱਲ ਦੇਖਣ ਨੂੰ ਲੈ ਕੇ ਡਰ ਨਹੀਂ ਹੋਣਾ ਚਾਹੀਦਾ। ਬਿਜਲੀ ਦੀਆਂ ਅਣਪਛਾਤੀਆਂ ਲਾਗਤਾਂ ਪਰਿਵਾਰਾਂ ਲਈ ਆਪਣੇ ਘਰੇਲੂ ਬਜਟ ਦੀ ਯੋਜਨਾ ਬਣਾਉਣਾ ਔਖਾ ਬਣਾਉਂਦੀਆਂ ਹਨ ਅਤੇ ਅਸੀਂ ਬਿਜਲੀ ਦੀ ਬਿਲਿੰਗ ਨਾਲ ਸਬੰਧਤ ਉਲਝਣ ਨੂੰ ਅਲਬਰਟਾ ਵਾਸੀਆਂ ਲਈ ਵਿੱਤੀ ਤੰਗੀ ਪੈਦਾ ਕਰਨ ਲਈ ਦੀ ਇਜਾਜ਼ਤ ਨਹੀਂ ਦੇ ਸਕਦੇ। ਅਸੀਂ ਵਾਅਦਾ ਕੀਤਾ ਸੀ ਕਿ ਅਸੀਂ ਯੂਟਿਲਿਟੀ ਬਿੱਲਾਂ ਲਈ ਵੱਧ ਰਹੀ ਅਸਮਰੱਥਾ ਨੂੰ ਹੱਲ ਕਰਾਂਗੇ ਅਤੇ ਅਸੀਂ ਅਜਿਹਾ ਕਰਨ ਲਈ ਪਹਿਲੇ ਕਦਮ ਚੁੱਕ ਰਹੇ ਹਾਂ, ਭਵਿੱਖ ਵਿੱਚ ਹੋਰ ਕਦਮ ਚੁੱਕਾਂਗੇ।"

*Danielle Smith, Premier of Alberta (ਡੈਨੀਅਲ ਸਮਿਥ, ਅਲਬਰਟਾ ਦੀ ਪ੍ਰੀਮੀਅਰ)*

ਡਿਫਾਲਟ ਬਿਜਲੀ ਦਰ ਦਾ ਨਾਮ, ਰੈਗੂਲੇਟਿਡ ਰੇਟ ਆਪਸ਼ਨ (Regulated Rate Option, RRO), ਗੁੰਮਰਾਹਕੁੰਨ ਹੈ ਕਿਉਂਕਿ 'ਰੈਗੂਲੇਟਿਡ (ਨਿਯੰਤ੍ਰਿਤ)' ਸ਼ਬਦ ਖਪਤਕਾਰਾਂ ਨੂੰ ਭੰਬਲਭੂਸੇ ਵਿੱਚ ਪਾ ਰਿਹਾ ਹੈ ਅਤੇ ਉਹਨਾਂ ਨੂੰ ਸੁਰੱਖਿਆ ਦੀ ਇਹ ਗਲਤ ਭਾਵਨਾ ਪ੍ਰਦਾਨ ਕਰਦਾ ਹੈ ਕਿ ਇਹ ਦਰ ਸਰਕਾਰ ਦੁਆਰਾ ਸੁਰੱਖਿਅਤ ਹੈ। RRO ਵਰਕਿੰਗ ਗਰੁੱਪ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ, ਅਲਬਰਟਾ ਦੀ ਸਰਕਾਰ ਇਸ ਬਸੰਤ ਰੁੱਤ ਵਿੱਚ ਡਿਫਾਲਟ ਬਿਜਲੀ ਦਰ ਦਾ ਨਾਮ ਬਦਲ ਕੇ

ਰੇਟ ਆਫ਼ ਲਾਸਟ ਰਿਜ਼ੌਰਟ (Rate of Last Resort) ਰੱਖਣ ਦਾ ਕਾਨੂੰਨ ਬਣਾਉਣ ਦਾ ਇਰਾਦਾ ਰੱਖਦੀ ਹੈ। ਨਾਮ ਨੂੰ ਰੇਟ ਆਫ਼ ਲਾਸਟ ਰਿਜ਼ੌਰਟ ਵਿੱਚ ਬਦਲਣ ਨਾਲ, ਖਪਤਕਾਰ ਉਸ ਦਰ ਨੂੰ ਬਿਹਤਰ ਢੰਗ ਨਾਲ ਸਮਝਣ ਦੇ ਯੋਗ ਹੋਣਗੇ ਜੋ ਉਹ ਅਦਾ ਕਰ ਰਹੇ ਹਨ ਅਤੇ ਇਹ ਉਹਨਾਂ ਨੂੰ ਉਹਨਾਂ ਲਈ ਸਭ ਤੋਂ ਵਧੀਆ ਵਿਕਲਪ ਲੱਭਣ ਲਈ ਉਤਸ਼ਾਹਿਤ ਕਰੇਗਾ।

"ਗਿਆਨ ਸ਼ਕਤੀ ਹੈ, ਅਤੇ ਅਲਬਰਟਾ ਵਾਸੀਆਂ ਨੂੰ ਉਹਨਾਂ ਦੇ ਵਿਕਲਪਾਂ ਨੂੰ ਜਾਣਨ ਦੀ ਲੋੜ ਹੈ। ਯੂਟਿਲਿਟੀ ਬਿੱਲ ਇੱਕ ਬਜਟ ਬਣਾਉਣਾ ਔਖਾ ਕਰ ਸਕਦੇ ਹਨ ਜਾਂ ਇਸਨੂੰ ਬਣਾਉਣ ਵਿੱਚ ਵਿਘਨ ਪਾ ਸਕਦੇ ਹਨ, ਜਿੱਥੇ ਹਰ ਇੱਕ ਪੈਸਾ ਮਾਅਨੇ ਰੱਖਦਾ ਹੈ, ਇਸ ਲਈ ਅਸੀਂ ਸੀਮਤ ਵਿਕਲਪਾਂ ਵਾਲੇ ਲੋਕਾਂ ਨੂੰ ਬਿਜਲੀ ਦੀਆਂ ਕੀਮਤਾਂ ਵਿੱਚਲੇ ਅਚਾਨਕ ਵਾਧੇ ਤੋਂ ਬਚਾ ਰਹੇ ਹਾਂ। ਇਹ ਸਾਰੇ ਅਲਬਰਟਾ ਵਾਸੀਆਂ ਲਈ ਜੀਵਨ ਨੂੰ ਹੋਰ ਕਿਫਾਇਤੀ ਬਣਾ ਦੇਵੇਗਾ ਕਿਉਂਕਿ ਇਹ ਯੂਟਿਲਿਟੀਜ਼ ਦੀ ਕੀਮਤ ਨੂੰ ਘੱਟਣ ਲਈ ਦਬਾਅ ਪਾਉਂਦਾ ਹੈ।"

*Nathan Neudorf, Minister of Affordability and Utilities (ਨਾਥਨ ਨਿਊਡੋਰਫ, ਵਹਿਣਯੋਗਤਾ ਅਤੇ ਯੁਟਿਲਿਟੀਜ਼ ਦੇ ਮੰਤਰੀ)*

ਜਦੋਂ ਕੋਈ ਖਪਤਕਾਰ ਪ੍ਰਤੀਯੋਗੀ ਇਕਰਾਰਨਾਮੇ 'ਤੇ ਹਸਤਾਖਰ ਨਾ ਕਰਨ ਦੀ ਚੋਣ ਕਰਦਾ ਹੈ, ਤਾਂ ਉਹਨਾਂ ਨੂੰ ਆਪਣੇ ਸਥਾਨਕ ਡਿਫਾਲਟ ਪ੍ਰਦਾਤਾ ਤੋਂ ਡਿਫਾਲਟ ਦਰ 'ਤੇ ਆਪਣੀ ਬਿਜਲੀ ਖਰੀਦਣੀ ਚਾਹੀਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਅਲਬਰਟਾ ਵਾਸੀਆਂ ਨੂੰ ਉਹਨਾਂ ਦੀਆਂ ਬਿਜਲੀ ਦਰਾਂ ਦੇ ਵਿਕਲਪਾਂ ਬਾਰੇ ਬਿਹਤਰ ਜਾਣਕਾਰੀ ਦਿੱਤੀ ਜਾਂਦੀ ਹੈ, ਅਲਬਰਟਾ ਦੀ ਸਰਕਾਰ ਡਿਫਾਲਟ ਯੂਟਿਲਿਟੀਜ਼ ਪ੍ਰਦਾਤਾਵਾਂ ਲਈ ਵਾਧੂ ਜ਼ਰੂਰਤਾਂ ਨੂੰ ਲਾਗੂ ਕਰਨ ਦਾ ਇਰਾਦਾ ਰੱਖਦੀ ਹੈ। ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਦੇ 90 ਦਿਨਾਂ ਦੇ ਅੰਦਰ, ਪ੍ਰਦਾਤਾਵਾਂ ਨੂੰ ਆਪਣੇ ਗਾਹਕ ਨਾਲ ਪੁਸ਼ਟੀ ਕਰਨ ਦੀ ਲੋੜ ਹੋਵੇਗੀ ਕਿ ਕੀ ਉਹ ਇੱਕ ਪ੍ਰਤੀਯੋਗੀ ਦਰ ਇਕਰਾਰਨਾਮੇ 'ਤੇ ਹਸਤਾਖਰ ਕਰਨ ਦੀ ਚੋਣ ਕਰ ਰਹੇ ਹਨ ਜਾਂ ਡਿਫਾਲਟ ਬਿਜਲੀ ਦਰ 'ਤੇ ਬਣੇ ਰਹਿਣ ਦੀ ਚੋਣ ਕਰ ਰਹੇ ਹਨ। ਪ੍ਰਦਾਤਾਵਾਂ ਨੂੰ ਆਪਣੇ ਗਾਹਕਾਂ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕਰਨ ਦੀ ਵੀ ਲੋੜ ਹੋਵੇਗੀ ਕਿ ਯੂਟਿਲਿਟੀਜ਼ ਕੰਜ਼ਿਊਮਰ ਐਡਵੋਕੇਟ (Utilities Consumer Advocate) ਦੇ ਸਰੋਤਾਂ ਤੱਕ ਕਿਵੇਂ ਪਹੁੰਚ ਕਰਨੀ ਹੈ । ਇਸ ਤੋਂ ਇਲਾਵਾ, ਸਰਕਾਰ ਪ੍ਰਦਾਤਾਵਾਂ ਨੂੰ ਉਨ੍ਹਾਂ ਦੇ ਮਾਸਿਕ ਬਿੱਲਾਂ 'ਤੇ ਗਾਹਕਾਂ ਕੋਲ ਉਪਲਬੱਧ ਵਿਕਲਪਾਂ ਬਾਰੇ ਯਾਦ ਦਿਵਾਉਣ ਦੀ ਮੰਗ ਕਰੇਗੀ।

ਅਲਬਰਟਾ ਦਾ ਪ੍ਰਤੀਯੋਗੀ ਪ੍ਰਚੂਨ ਬਿਜਲੀ ਬਾਜ਼ਾਰ ਅਲਬਰਟਾ ਵਾਸੀਆਂ ਨੂੰ 50 ਤੋਂ ਵੱਧ ਪ੍ਰਤੀਯੋਗੀ ਕੀਮਤ ਵਾਲੇ ਰਿਟੇਲਰਾਂ ਦੀ ਚੋਣ ਦਿੰਦਾ ਹੈ, ਜੋ ਸਥਿਰ ਅਤੇ ਪਰਿਵਰਤਨਸ਼ੀਲ ਦਰਾਂ ਦੇ ਇਕਰਾਰਨਾਮੇ ਪ੍ਰਦਾਨ ਕਰਦੇ ਹਨ। 2023 ਵਿੱਚ ਹਜ਼ਾਰਾਂ ਅਲਬਰਟਾ ਵਾਸੀਆਂ ਨੇ ਡਿਫਾਲਟ ਦਰ ਦੇ ਵਿਕਲਪ ਨੂੰ ਛੱਡ ਦਿੱਤਾ, ਅਤੇ ਜਿਹੜੇ ਅਜੇ ਵੀ ਦਰ ਦੇ ਵਿਕਲਪ 'ਤੇ ਹਨ, ਉਨ੍ਹਾਂ ਨੂੰ ਆਪਣੇ ਵਿਕਲਪਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਜਿਹੜੇ ਲੋਕ ਆਪਣੇ ਯੂਟਿਲਿਟੀ ਬਿੱਲਾਂ ਸਬੰਧੀ ਸਹਾਇਤਾ ਦੀ ਭਾਲ ਕਰ ਰਹੇ ਹਨ ਜਾਂ ਆਪਣੇ ਪ੍ਰਦਾਤਾ ਨਾਲ ਵਿਵਾਦ ਦਾ ਸਾਹਮਣਾ ਕਰ ਰਹੇ ਹਨ, ਉਹਨਾਂ ਨੂੰ ਯੂਟਿਲਿਟੀਜ਼ ਕੰਜ਼ਿਊਮਰ ਐਡਵੋਕੇਟ (Utilities Consumer Advocate) ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਫੌਰੀ ਤੱਥ

- ਆਪਣੀਆਂ ਬਿਜਲੀ ਅਤੇ ਕੁਦਰਤੀ ਗੈਸ ਸਹੂਲਤਾਂ ਖਰੀਦਣ ਵੇਲੇ ਅਲਬਰਟਾ ਵਾਸੀਆਂ ਕੋਲ ਤਿੰਨ ਵਿਕਲਪ ਹੁੰਦੇ ਹਨ; ਡਿਫਾਲਟ RRO, ਪਰਿਵਰਤਨਸ਼ੀਲ (ਫਲੋਟਿੰਗ) ਦਰ ਲਈ ਇੱਕ ਪ੍ਰਤੀਯੋਗੀ ਇਕਰਾਰਨਾਮਾ, ਜਾਂ ਸਥਿਰ ਦਰ ਲਈ ਇੱਕ ਪ੍ਰਤੀਯੋਗੀ ਇਕਰਾਰਨਾਮਾ।
    - ਯੁਟਿਲਿਟੀ ਦਰਾਂ ਬਾਰੇ ਹੋਰ ਜਾਣਕਾਰੀ ਲਈ, ਯੁਟਿਲਿਟੀਜ਼ ਕੰਜ਼ਿਊਮਰ ਐਡਵੋਕੇਟ (Utilities Consumer Advocate) ਨਾਲ ਸੰਪਰਕ ਕਰੋ ਜਾਂ ਉਹਨਾਂ ਦੀ ਵੈੱਬਸਾਈਟ 'ਤੇ ਜਾਓ।
    - ਅਲਬਰਟਾ ਵਿੱਚ ਜਿਹੜੇ ਗਾਹਕ ਇੱਕ ਪ੍ਰਤੀਯੋਗੀ ਇਕਰਾਰਨਾਮੇ 'ਤੇ ਹਸਤਾਖਰ ਨਹੀਂ ਕਰਦੇ ਹਨ, ਉਨ੍ਹਾਂ ਨੂੰ ਆਪਣੇ ਸਥਾਨਕ RRO ਪ੍ਰਦਾਤਾ ਤੋਂ ਡਿਫਾਲਟ ਬਿਜਲੀ ਦਰ ਪ੍ਰਾਪਤ ਹੋਵੇਗੀ।
    - ਵਰਤਮਾਨ ਵਿੱਚ ਅਲਬਰਟਾ ਵਿੱਚ ਡਿਫਾਲਟ ਬਿਜਲੀ ਦਰਾਂ, ਬਿਜਲੀ ਦੀਆਂ ਮਾਰਕੀਟ ਕੀਮਤਾਂ ਦੇ ਆਧਾਰ 'ਤੇ ਮਹੀਨੇ-ਦਰ-ਮਹੀਨੇ ਬਦਲਦੀਆਂ ਰਹਿੰਦੀਆਂ ਹਨ। ਇਹ ਦਰਾਂ ਅਲਬਰਟਾ ਯੁਟਿਲਿਟੀਜ਼ ਕਮਿਸ਼ਨ (Alberta Utilities Commission, AUC) ਦੁਆਰਾ ਨਿਰਧਾਰਤ ਕੀਤੀਆਂ ਜਾਂਦੀਆਂ ਹਨ, ਅਤੇ ਸਰਕਾਰ ਦੁਆਰਾ ਨਿਰਧਾਰਤ ਨਹੀਂ ਕੀਤੀਆਂ ਜਾਂਦੀਆਂ ਹਨ।
- ਲਗਭਗ 29 ਪ੍ਰਤੀਸ਼ਤ ਰਿਹਾਇਸ਼ੀ ਗਾਹਕ ਡਿਫਾਲਟ ਬਿਜਲੀ ਦਰ 'ਤੇ ਬਿਜਲੀ ਖਰੀਦਦੇ ਹਨ।
- ਲਗਭਗ 32 ਪ੍ਰਤੀਸ਼ਤ ਯੋਗ ਕਾਰੋਬਾਰੀ ਗਾਹਕ ਅਤੇ 46 ਪ੍ਰਤੀਸ਼ਤ ਖੇਤੀਬਾੜੀ ਵਾਲੇ ਗਾਹਕ ਡਿਫਾਲਟ ਬਿਜਲੀ ਦਰ 'ਤੇ ਬਿਜਲੀ ਖਰੀਦਦੇ ਹਨ।

## ਸੰਬੰਧਿਤ ਜਾਣਕਾਰੀ

- ਯੁਟਿਲਿਟੀਜ਼ ਕੰਜ਼ਿਊਮਰ ਐਡਵੋਕੇਟ (Utilities Consumer Advocate)
- MSA ਮਾਡਲਿੰਗ

## ਸੰਬੰਧਿਤ ਖ਼ਬਰਾਂ

- ਜਨਵਰੀ ਵਿੱਚ ਖਪਤਕਾਰਾਂ ਲਈ ਵਿਸਤ੍ਰਿਤ ਯੁਟਿਲਿਟੀ ਰਾਹਤ (21 ਦਸੰਬਰ, 2022)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਪੁੱਛਗਿੱਛ

**Sam Blackett (ਸੈਮ ਬਲੈਕੇਟ)**

587-589-6048

ਪ੍ਰੈਸ ਸਕੱਤਰ, ਪ੍ਰੀਮੀਅਰ ਦਫਤਰ (Press Secretary, Office of the Premier)

## Ashley M Stevenson (ਐਸ਼ਲੇ ਐਮ ਸਟੀਵਨਸਨ)

587-357-2141

Press Secretary, Ministry of Affordability and Utilities (ਪ੍ਰੈੱਸ ਸਕੱਤਰ, ਵਹਿਣਯੋਗਤਾ ਅਤੇ ਯੂਟਿਲਿਟੀਜ਼ ਮੰਤਰਾਲਾ)